**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# 1935 ਈ. ਦਾ ਗੌਰਮਿੰਟ ਆਫ਼ ਇੰਡੀਆ ਐਕਟ

**ਮਨਦੀਪ ਕੌਰ**
ਐਮ.ਏ. ਇਤਿਹਾਸ, ਗੋਲਡ ਮੈਡਲਿਸਟ

**ਸਾਰ -** ਬ੍ਰਿਟਿਸ਼ ਸਰਕਾਰ ਵੱਲੋਂ 1919 ਈ. ਵਿੱਚ ਭਾਰਤ ਸਰਕਾਰ ਕਾਨੂੰਨ ਅਧੀਨ ਕਈ ਸੁਧਾਰ ਕੀਤੇ ਗਏ, ਜਿਨ੍ਹਾਂ ਨਾਲ ਭਾਰਤੀ ਲੋਕ ਸੰਤੁਸ਼ਟ ਨਾ ਹੋਏ। ਇਸ ਤੋਂ ਇਲਾਵਾ ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਇਨ੍ਹਾਂ ਸੁਧਾਰਾਂ ਦੀ ਨਿੰਦਿਆ ਕੀਤੀ ਅਤੇ ਇਨ੍ਹਾਂ ਸੁਧਾਰਾਂ ਨੂੰ ਨਾ-ਕਾਫ਼ੀ ਅਤੇ ਨਿਰਾਸ਼ਾਜਨਕ ਕਿਹਾ। ਬਾਲ ਗੰਗਾਧਰ ਤਿਲਕ ਨੇ ਵੀ ਇਨ੍ਹਾਂ ਸੁਧਾਰਾਂ ਦੀ ਆਲੋਚਨਾ ਕੀਤੀ ਅਤੇ ਇਨ੍ਹਾਂ ਨੂੰ "ਇਹ ਸੁਧਾਰ ਸਵੀਕਾਰ ਕਰਨ ਦੇ ਬਿਲਕੁਲ ਵੀ ਯੋਗ ਨਹੀਂ ਹਨ" ਕਹਿ ਕੇ ਨਿੰਦਿਆ। ਗੱਲ ਇੱਥੇ ਖ਼ਤਮ ਹੁੰਦੀ ਹੈ ਕਿ ਭਾਰਤੀ ਲੋਕ ਇਨ੍ਹਾਂ ਸੁਧਾਰਾਂ ਤੋਂ ਸੰਤੁਸ਼ਟ ਨਹੀਂ ਸਨ। ਬ੍ਰਿਟਿਸ਼ ਸਰਕਾਰ ਨੇ ਭਾਰਤੀਆਂ ਨੂੰ ਜਿਹੜੀਆਂ ਰਾਜਨੀਤਿਕ ਰਿਆਇਤਾਂ ਦੇਣ ਦਾ ਵਾਅਦਾ ਕੀਤਾ ਸੀ, ਉਨ੍ਹਾਂ ਨੂੰ ਵੀ ਪੂਰਾ ਨਹੀਂ ਕੀਤਾ। ਜਿਸ ਕਾਰਨ ਭਾਰਤੀ ਜਨਤਾ ਵਿੱਚ ਕਾਫ਼ੀ ਨਿਰਾਸ਼ਾ ਪੈਦਾ ਹੋ ਗਈ। ਭਾਵੇਂ ਭਾਰਤੀ ਜਨਤਾ ਇਨ੍ਹਾਂ ਸੁਧਾਰਾਂ ਤੋਂ ਸੰਤੁਸ਼ਟ ਨਹੀਂ ਸੀ ਪਰ ਫਿਰ ਵੀ ਮਹਾਤਮਾ ਗਾਂਧੀ ਨੇ ਇਨ੍ਹਾਂ ਸੁਧਾਰਾਂ ਨੂੰ ਸਵੀਕਾਰ ਕਰਨ ਦੀ ਸਲਾਹ ਦਿੱਤੀ।

**ਮੁੱਖ ਸ਼ਬਦ -** 1919 ਈ. ਦਾ ਐਕਟ, 1935 ਈ. ਦਾ ਐਕਟ, ਭਾਰਤ, ਭਾਰਤੀ ਲੋਕ, ਬ੍ਰਿਟਿਸ਼ ਸਰਕਾਰ।

**ਜਾਣ-ਪਛਾਣ -** 1919 ਈ. ਦੇ ਕਾਨੂੰਨ ਦੁਆਰਾ ਕੇਂਦਰ ਵਿੱਚ ਪਹਿਲਾਂ ਵਾਲੀ ਸ਼ਾਸਨ ਵਿਵਸਥਾ ਹੀ ਕਾਇਮ ਰੱਖੀ ਗਈ। ਇਸ ਤੋਂ ਇਲਾਵਾ ਵਾਇਸਰਾਏ ਨੂੰ ਬਹੁਤ ਸਾਰੀਆਂ ਸ਼ਕਤੀਆਂ ਪ੍ਰਾਪਤ ਸਨ। ਭਾਰਤੀ ਲੋਕ ਇਨ੍ਹਾਂ ਸੁਧਾਰਾਂ ਤੋਂ ਸੰਤੁਸ਼ਟ ਨਹੀਂ ਸਨ ਕਿਉਂਕਿ ਇਸ ਐਕਟ ਅਧੀਨ ਭਾਰਤ ਦੇ ਪ੍ਰਾਂਤਾਂ ਵਿੱਚ ਦੋ-ਅਮਲੀ ਸ਼ਾਸਨ-ਪ੍ਰਣਾਲੀ ਲਾਗੂ ਕੀਤੀ ਗਈ। ਵੋਟ ਦਾ ਅਧਿਕਾਰ ਸੀਮਿਤ ਸੀ ਅਤੇ ਵੋਟ ਦੇ ਅਧਿਕਾਰ ਲਈ ਕੁੱਝ ਨਿਸ਼ਚਿਤ ਸ਼ਰਤਾਂ ਰੱਖੀਆਂ ਗਈਆਂ ਸਨ, ਜਿਹੜੀਆਂ ਲੋਕਤੰਤਰੀ ਸਰਕਾਰ ਦੇ ਸਿਧਾਤਾਂ ਦੇ ਬਿਲਕੁਲ ਉਲਟ ਸਨ। ਇਸ ਤੋਂ ਇਲਾਵਾ ਸੰਪਰਦਾਇਕ ਚੋਣ-ਪ੍ਰਣਾਲੀ ਵਿੱਚ ਵਾਧਾ ਕਰ ਦਿੱਤਾ ਗਿਆ। 1909 ਈ. ਦੇ ਕਾਨੂੰਨ ਰਾਹੀਂ ਜਿੱਥੇ ਸਿਰਫ਼ ਮੁਸਲਮਾਨਾਂ ਲਈ ਸੰਪਰਦਾਇਕ ਚੋਣ-ਪ੍ਰਣਾਲੀ ਦੀ ਵਿਵਸਥਾ ਕੀਤੀ ਗਈ, ਉੱਥੇ ਹੀ 1919 ਈ. ਦੇ ਕਾਨੂੰਨ ਰਾਹੀਂ ਹੋਰ ਸੰਪਰਦਾਵਾਂ ਨੂੰ ਵੀ ਵੱਖਰੀ ਪ੍ਰਤੀਨਿਧਤਾ ਦਿੱਤੀ ਗਈ। ਅਸਲੀਅਤ ਵਿੱਚ ਇਹ ਸਭ ਕੁੱਝ ਭਾਰਤੀਆਂ ਵਿੱਚ ਫੁੱਟ ਪਾਉਣ ਲਈ ਕੀਤਾ ਜਾ ਰਿਹਾ ਸੀ। ਭਾਰਤੀਆਂ ਦੁਆਰਾ ਸ਼ਾਸਨ ਵਿਵਸਥਾ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ ਜਾ ਰਹੀ ਸੀ, ਜਿਨ੍ਹਾਂ ਨੂੰ 1935 ਈ. ਦੇ ਭਾਰਤ ਸਰਕਾਰ ਐਕਟ ਰਾਹੀਂ ਪੂਰਾ ਕੀਤਾ ਜਾਣਾ ਸੀ। ਇਸ ਸਭ ਨੂੰ ਪੂਰਾ ਕਰਨ ਲਈ 1935 ਈ. ਵਿੱਚ ਭਾਰਤ ਸਰਕਾਰ ਐਕਟ ਪਾਸ ਕੀਤਾ ਗਿਆ ਤਾਂ ਕਿ ਭਾਰਤੀ ਲੋਕਾਂ ਦੀ ਨਿਰਾਸ਼ਾ ਨੂੰ ਦੂਰ ਕੀਤਾ ਜਾ ਸਕੇ ਅਤੇ ਉਨ੍ਹਾਂ ਦੇ ਵਿਰੋਧ ਨੂੰ ਸ਼ਾਂਤ ਕੀਤਾ ਜਾ ਸਕੇ।

## 1935 ਈ. ਦਾ ਗੌਰਮਿੰਟ ਆਫ਼ ਇੰਡੀਆ ਐਕਟ ਪਾਸ ਹੋਣ ਦੇ ਪ੍ਰਮੁੱਖ ਕਾਰਨ

**1919 ਈ. ਦੇ ਸੁਧਾਰਾਂ ਸੰਬੰਧੀ ਅਸੰਤੁਸ਼ਟਤਾ -** 1919 ਈ. ਦੇ ਐਕਟ ਅਨੁਸਾਰ ਕੀਤੇ ਗਏ ਸੁਧਾਰ ਭਾਰਤੀਆਂ ਨੂੰ ਸੰਤੁਸ਼ਟ ਨਾ ਕਰ ਸਕੇ। ਇਸ ਦਾ ਮੁੱਖ ਕਾਰਨ ਇਹ ਸੀ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਭਾਰਤੀਆਂ ਨੇ ਬ੍ਰਿਟਿਸ਼ ਸਰਕਾਰ ਪ੍ਰਤੀ ਅਸਾਧਾਰਨ ਸੁਆਮੀ ਭਗਤ ਦੇ ਪ੍ਰਮਾਣ ਦਿੱਤੇ ਸਨ ਅਤੇ ਸਰਕਾਰ ਨੇ ਭਾਰਤੀਆਂ ਨੂੰ ਇਨ੍ਹਾਂ ਵੱਡ-ਮੁੱਲੀਆਂ ਸੇਵਾਵਾਂ ਦੇ ਬਦਲੇ ਵਿੱਚ ਮਹੱਤਵਪੂਰਨ ਰਿਆਇਤਾਂ ਦੇਣ ਦਾ ਵਾਅਦਾ ਕੀਤਾ ਸੀ ਪਰ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਵੀ ਸਰਕਾਰ ਨੇ ਪਹਿਲਾਂ ਵਾਲਾ ਵਤੀਰਾ ਹੀ ਕਾਇਮ ਰੱਖਿਆ, ਜਿਸ ਤੋਂ ਭਾਰਤੀ ਲੋਕ ਅਤੇ ਕਾਂਗਰਸ ਦੇ ਨੇਤਾ ਬਹੁਤ ਗੁੱਸੇ ਸਨ।

**ਨਾ-ਮਿਲਵਰਤਨ ਅੰਦੋਲਨ ਦੀ ਆਰੰਭਤਾ -** 1919 ਈ. ਵਿੱਚ ਰੌਲਟ ਐਕਟ ਦੇ ਵਿਰੋਧ ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਹੱਤਿਆਕਾਂਡ ਨੇ ਭਾਰਤੀ ਲੋਕਾਂ ਵਿੱਚ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਰੋਹ ਭਰ ਦਿੱਤਾ। 1920 ਈ. ਵਿੱਚ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਅੰਦੋਲਨ ਆਰੰਭ ਕਰ ਦਿੱਤਾ ਅਤੇ ਇਸ ਵਿੱਚ ਮਹਾਤਮਾ ਗਾਂਧੀ ਨੂੰ ਸਫ਼ਲਤਾ ਵੀ ਮਿਲੀ। ਇਸ ਵਿੱਚ ਵਿਦੇਸ਼ੀ ਵਸਤਾਂ ਦਾ ਬਾਈਕਾਟ ਕੀਤਾ ਗਿਆ, ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਕੇ ਭਾਰਤੀ ਲੋਕਾਂ ਨੇ ਅਸਤੀਫ਼ੇ ਦੇ ਦਿੱਤੇ

**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਅਤੇ ਸਿੱਖਿਆ ਸੰਸਥਾਵਾਂ ਬੰਦ ਕਰ ਦਿੱਤੀਆਂ ਗਈਆਂ। ਜਦੋਂ ਅੰਦੋਲਨ ਆਪਣੀ ਚਰਮ ਸੀਮਾ 'ਤੇ ਸੀ ਤਾਂ 1922 ਈ. ਵਿੱਚ 'ਚੌਰੀ-ਚੌਰਾ' ਦੀ ਹਿੰਸਕ ਘਟਨਾ ਕਰਕੇ ਮਹਾਤਮਾ ਗਾਂਧੀ ਨੂੰ ਅੰਦੋਲਨ ਬੰਦ ਕਰਨਾ ਪਿਆ।

**ਸਵਰਾਜ ਪਾਰਟੀ ਦੀ ਸਥਾਪਨਾ -** ਮਹਾਤਮਾ ਗਾਂਧੀ ਦੁਆਰਾ ਨਾ-ਮਿਲਵਰਤਨ ਅੰਦੋਲਨ ਨੂੰ ਅਚਾਨਕ ਸਥਗਿਤ ਕਰ ਦੇਣ ਕਾਰਨ ਪੰਡਿਤ ਮੋਤੀ ਲਾਲ ਨਹਿਰੂ ਅਤੇ ਸੀ.ਆਰ.ਦਾਸ ਵਰਗੇ ਵੱਡੇ ਨੇਤਾਵਾਂ ਨੇ ਮਹਾਤਮਾ ਗਾਂਧੀ ਤੋਂ ਗੁੱਸੇ ਹੋ ਕੇ 'ਸਵਰਾਜ ਪਾਰਟੀ' ਦੀ ਸਥਾਪਨਾ ਕੀਤੀ। ਸਵਰਾਜ ਪਾਰਟੀ ਨੇ 1923 ਈ. ਦੀਆਂ ਚੋਣਾਂ ਵਿੱਚ ਭਾਗ ਲਿਆ ਅਤੇ ਉਨ੍ਹਾਂ ਦੇ ਕੇਂਦਰੀ ਲੈਜਿਸਲੇਟਿਵ ਕੌਂਸਿਲ ਵਿੱਚ 45 ਮੈਂਬਰ ਚੁਣੇ ਗਏ। ਉਹ ਲਗਾਤਾਰ ਨਵਾਂ ਸੰਵਿਧਾਨ ਬਣਾਉਣ ਦੀ ਮੰਗ ਕਰਦੇ ਰਹੇ।

**ਸਾਈਮਨ ਕਮਿਸ਼ਨ ਦਾ ਵਿਰੋਧ -** ਫ਼ਰਵਰੀ, 1928 ਈ. ਵਿੱਚ ਸੱਤ ਮੈਂਬਰਾਂ ਦਾ ਇੱਕ ਕਮਿਸ਼ਨ ਭਾਰਤ ਪਹੁੰਚਿਆ, ਜਿਸ ਦਾ ਪ੍ਰਧਾਨ ਸਰ ਜਾਨ ਸਾਈਮਨ ਸੀ। ਇਸ ਕਮਿਸ਼ਨ ਦੇ ਸਾਰੇ ਮੈਂਬਰ ਅੰਗਰੇਜ਼ ਸਨ ਅਤੇ ਇੱਕ ਵੀ ਭਾਰਤੀ ਨੂੰ ਇਸ ਕਮਿਸ਼ਨ ਵਿੱਚ ਥਾਂ ਨਹੀਂ ਦਿੱਤੀ ਗਈ। ਜਿਸ ਕਾਰਨ ਭਾਰਤੀ ਲੋਕਾਂ ਨੇ ਇਸ ਕਮਿਸ਼ਨ ਦਾ ਬਹੁਤ ਵਿਰੋਧ ਕੀਤਾ। ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਲੋਕ 'ਸਾਈਮਨ ਕਮਿਸ਼ਨ ਵਾਪਿਸ ਜਾਓ' ਦੇ ਨਾਅਰੇ ਲਗਾਉਣ ਲੱਗੇ। ਇਸ ਕਮਿਸ਼ਨ ਨੇ ਜੋ ਰਿਪੋਰਟ ਤਿਆਰ ਕਰਕੇ ਬ੍ਰਿਟਿਸ਼ ਸਰਕਾਰ ਨੂੰ ਦਿੱਤੀ ਸੀ, ਉਸ ਕਾਰਨ ਇਹ 1935 ਈ. ਦਾ ਐਕਟ ਹੋਂਦ ਦੇ ਰੂਪ ਵਿੱਚ ਸਾਹਮਣੇ ਆਇਆ।

**1928 ਈ. ਦੀ ਨਹਿਰੂ ਰਿਪੋਰਟ -** 1928 ਈ. ਵਿੱਚ ਕਾਂਗਰਸ ਨੇ ਦਿੱਲੀ ਵਿਖੇ ਸਾਰੀਆਂ ਪਾਰਟੀਆਂ ਦਾ ਇੱਕ ਸੰਮੇਲਨ ਬੁਲਾਇਆ। ਇਸ ਸੰਮੇਲਨ ਵਿੱਚ ਪੰਡਿਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਨਿਯੁਕਤ ਕੀਤੀ ਗਈ, ਜਿਸ ਨੂੰ ਭਾਰਤ ਦੇ ਸੰਵਿਧਾਨ ਬਣਾਉਣ ਦਾ ਕੰਮ ਸੌਂਪਿਆ ਗਿਆ। ਇਸ ਕਮੇਟੀ ਨੇ ਜਿਹੜੀ ਰਿਪੋਰਟ ਤਿਆਰ ਕੀਤੀ, ਉਸ ਨੂੰ 'ਨਹਿਰੂ ਰਿਪੋਰਟ' ਕਿਹਾ ਜਾਂਦਾ ਹੈ। ਇਸ ਵਿੱਚ ਭਾਰਤ ਨੂੰ ਅਧਿਰਾਜ ਦਾ ਦਰਜਾ ਦੇਣ ਦੀ ਗੱਲ ਕੀਤੀ ਗਈ ਅਤੇ ਭਾਰਤ ਵਿੱਚ ਧਰਮ-ਨਿਰਪੇਖ ਸ਼ਾਸਨ ਸਥਾਪਿਤ ਕਰਨ ਦੀ ਗੱਲ ਵੀ ਕੀਤੀ ਗਈ।

**ਪਹਿਲੀ ਗੋਲਮੇਜ਼ ਕਾਨਫ਼ਰੰਸ ਦੀ ਅਸਫ਼ਲਤਾ -** ਭਾਰਤੀ ਸੰਵਿਧਾਨ 'ਤੇ ਸੋਚ ਵਿਚਾਰ ਕਰਨ ਲਈ ਪਹਿਲੀ ਗੋਲਮੇਜ਼ ਕਾਨਫ਼ਰੰਸ ਲੰਡਨ ਵਿੱਚ 12 ਨਵੰਬਰ, 1930 ਈ. ਨੂੰ ਬੁਲਾਈ ਗਈ ਪਰ ਕਾਂਗਰਸ ਪਾਰਟੀ ਦੇ ਕਿਸੇ ਵੀ ਨੇਤਾ ਨੇ ਇਸ ਵਿੱਚ ਹਿੱਸਾ ਨਹੀਂ ਲਿਆ। ਜਿਸ ਕਰਕੇ ਇਹ ਕਾਨਫ਼ਰੰਸ ਅਸਫ਼ਲ ਰਹੀ। ਕਾਂਗਰਸ ਵੱਲੋਂ ਇਸ ਕਾਨਫ਼ਰੰਸ ਦਾ ਬਾਈਕਾਟ ਕੀਤਾ ਗਿਆ ਕਿਉਂਕਿ ਇਸ ਸਮੇਂ ਦੇਸ਼ ਵਿੱਚ ਸਰਕਾਰ ਦੇ ਵਿਰੁੱਧ ਸਿਵਲ ਨਾ-ਫ਼ਰਮਾਨੀ ਅੰਦੋਲਨ ਚੱਲ ਰਿਹਾ ਸੀ।

**ਗਾਂਧੀ-ਇਰਵਿਨ ਸਮਝੌਤਾ -** ਪਹਿਲੀ ਗੋਲਮੇਜ਼ ਕਾਨਫ਼ਰੰਸ ਦੇ ਸਫ਼ਲ ਨਾ ਹੋਣ ਕਾਰਨ ਬ੍ਰਿਟਿਸ਼ ਸਰਕਾਰ ਬਹੁਤ ਨਿਰਾਸ਼ ਸੀ। ਉਹ ਚਾਹੁੰਦੀ ਸੀ ਕਿ ਕਾਂਗਰਸ ਦੇ ਲੀਡਰ ਖ਼ਾਸ ਕਰਕੇ ਮਹਾਤਮਾ ਗਾਂਧੀ ਇਸ ਵਿੱਚ ਹਿੱਸਾ ਲੈਣ। ਇਸ ਲਈ 5 ਮਾਰਚ, 1931 ਈ. ਨੂੰ ਮਹਾਤਮਾ ਗਾਂਧੀ ਅਤੇ ਲਾਰਡ ਇਰਵਿਨ ਵਿਚਕਾਰ ਇੱਕ ਸਮਝੌਤਾ ਹੋਇਆ, ਜਿਸ ਨੂੰ 'ਗਾਂਧੀ-ਇਰਵਿਨ ਪੈਕਟ' ਕਿਹਾ ਜਾਂਦਾ ਹੈ। ਮਹਾਤਮਾ ਗਾਂਧੀ ਕਾਨਫ਼ਰੰਸ ਵਿੱਚ ਹਿੱਸਾ ਲੈਣ ਲਈ ਮੰਨ ਗਏ ਅਤੇ ਉਸ ਦੇ ਬਦਲੇ ਵਿੱਚ ਅੰਦੋਲਨ ਸਮੇਂ ਗ੍ਰਿਫ਼ਤਾਰ ਕੀਤੇ ਗਏ ਕਾਂਗਰਸ ਦੇ ਮੁੱਖ ਨੇਤਾਵਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਤਰ੍ਹਾਂ ਨਾਲ ਸਿਵਲ ਨਾ-ਫ਼ਰਮਾਨੀ ਅੰਦੋਲਨ ਵੀ ਬੰਦ ਕਰ ਦਿੱਤਾ ਗਿਆ।

**ਦੂਜੀ ਗੋਲਮੇਜ਼ ਕਾਨਫ਼ਰੰਸ -** 7 ਸਤੰਬਰ, 1931 ਈ. ਨੂੰ ਲੰਡਨ ਵਿੱਚ ਦੂਜੀ ਗੋਲਮੇਜ਼ ਕਾਨਫ਼ਰੰਸ ਹੋਈ। ਇਸ ਵਿੱਚ ਕਾਂਗਰਸ ਵੱਲੋਂ ਮਹਾਤਮਾ ਗਾਂਧੀ ਅਤੇ ਮੁਸਲਿਮ ਲੀਗ ਵੱਲੋਂ ਮੁਹੰਮਦ ਅਲੀ ਜਿਨਾਹ ਨੇ ਹਿੱਸਾ ਲਿਆ। ਇਸ ਵਿੱਚ ਮੁਸਲਿਮ ਲੀਗ ਨੇ ਸੰਪਰਦਾਇਕ ਚੋਣ-ਪ੍ਰਣਾਲੀ ਦੀ ਮੰਗ ਕੀਤੀ। ਮਹਾਤਮਾ ਗਾਂਧੀ ਇਸ ਮੰਗ ਦੇ ਖ਼ਿਲਾਫ਼ ਸਨ ਅਤੇ ਉਨ੍ਹਾਂ ਨੇ ਇਸ ਮੰਗ ਦਾ ਵਿਰੋਧ ਕੀਤਾ ਪਰੰਤੂ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਹੋਇਆ। ਅੰਤ ਵਿੱਚ ਬਿਨਾਂ ਕਿਸੇ ਨਤੀਜੇ ਨਾਲ ਇਸ ਕਾਨਫ਼ਰੰਸ ਨੂੰ ਸਮਾਪਤ ਕਰ ਦਿੱਤਾ ਗਿਆ।

**ਤੀਜੀ ਗੋਲਮੇਜ਼ ਕਾਨਫ਼ਰੰਸ -** ਲੰਡਨ ਵਿੱਚ ਤੀਜੀ ਗੋਲਮੇਜ਼ ਕਾਨਫ਼ਰੰਸ ਬੁਲਾਈ ਗਈ, ਜੋ ਕਿ 17 ਨਵੰਬਰ, 1932 ਈ. ਤੋਂ 24 ਦਸੰਬਰ, 1932 ਈ. ਤੱਕ ਚੱਲਦੀ ਰਹੀ। ਇਸ ਵਿੱਚ ਕਾਂਗਰਸ ਪਾਰਟੀ ਨੇ ਹਿੱਸਾ ਨਹੀਂ ਲਿਆ। ਮੁਸਲਿਮ ਲੀਗ ਅਤੇ ਭਾਰਤ ਦੀਆਂ ਹੋਰ ਪਾਰਟੀਆਂ ਜੋ ਕਿ ਅੰਗਰੇਜ਼ਾਂ ਦੇ ਸਮਰਥਨ ਵਿੱਚ ਸਨ, ਨੇ ਇਸ ਵਿੱਚ ਹਿੱਸਾ ਲਿਆ। ਇਸ ਅਧੀਨ ਕੀਤੇ

ਗਏ ਫ਼ੈਸਲਿਆਂ ਨੂੰ 1933 ਈ. ਵਿੱਚ 'ਵਾਈਟ ਪੇਪਰ' ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਦੇ ਆਧਾਰ 'ਤੇ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ, ਜੋ ਕਿ 1935 ਈ. ਦੇ 'ਗੌਰਮਿੰਟ ਆਫ਼ ਇੰਡੀਆ ਐਕਟ' ਦੇ ਨਾਂ ਨਾਲ ਪਾਸ ਹੋ ਗਿਆ।

**1935 ਈ. ਦੇ ਐਕਟ ਦੀਆਂ ਮੁੱਖ ਧਾਰਾਵਾਂ**

**ਗਵਰਨਰ ਜਨਰਲ ਦੀਆਂ ਖ਼ਾਸ ਸ਼ਕਤੀਆਂ -** ਗਵਰਨਰ ਜਨਰਲ ਦੀਆਂ ਸ਼ਕਤੀਆਂ ਵਿੱਚ ਵਾਧਾ ਕੀਤਾ ਗਿਆ ਜੋ ਕਿ ਹੇਠ ਲਿਖੇ ਅਨੁਸਾਰ ਹਨ:

- ਗਵਰਨਰ ਜਨਰਲ ਕਦੇ ਵੀ ਸਦਨ ਬੁਲਾ ਸਕਦਾ ਹੈ ਅਤੇ ਕਦੇ ਵੀ ਸਮਾਗਮ ਨੂੰ ਭੰਗ ਕਰ ਸਕਦਾ ਹੈ।
- ਉਹ ਕੋਈ ਵੀ ਬਿੱਲ ਜਾਂ ਬਜਟ ਪਾਸ ਕਰ ਸਕਦਾ ਹੈ ਜਾਂ ਉਸ ਨੂੰ ਰੱਦ ਕਰ ਸਕਦਾ ਹੈ।
- ਐਡਵੋਕੇਟ ਦੀ ਨਿਯੁਕਤੀ ਦੀ ਜ਼ਿੰਮੇਵਾਰੀ ਗਵਰਨਰ ਜਨਰਲ ਦੀ ਹੋਵੇਗੀ।
- ਗਵਰਨਰ ਜਨਰਲ ਦੀਆਂ ਕੁੱਝ ਸ਼ਕਤੀਆਂ ਨੂੰ ਛੱਡ ਕੇ ਜਿਵੇਂ ਕਿ ਕਿਸੇ ਵੀ ਬਿੱਲ ਨੂੰ ਮਹਾਰਾਣੀ ਕੋਲ ਭੇਜਣਾ, ਰਿਜ਼ਰਵ ਬੈਂਕ ਦੇ ਕਰਮਚਾਰੀਆਂ ਦੀ ਨਿਯੁਕਤੀ, ਗਵਰਨਰ ਦੀ ਨਿਯੁਕਤੀ, ਰੇਲਵੇ ਮੈਂਬਰਾਂ ਦੀ ਨਿਯੁਕਤੀ ਕਰਨਾ, ਸੁਪਰੀਮ ਕੋਰਟ ਦੇ ਜੱਜ ਨੂੰ ਨਿਯੁਕਤ ਕਰਨਾ ਆਦਿ ਨਹੀਂ ਕਰ ਸਕਦਾ। ਇਸ ਲਈ ਉਸ ਨੂੰ ਕੌਂਸਿਲ ਦੇ ਮੰਤਰੀਆਂ ਦੀ ਸਲਾਹ ਲੈਣੀ ਪਵੇਗੀ।

**ਵਿਅਕਤੀਗਤ ਜ਼ਿੰਮੇਵਾਰੀ -** ਇਸ ਵਿੱਚ ਗਵਰਨਰ ਜਨਰਲ ਅਤੇ ਉਸ ਦੀਆਂ ਸ਼ਕਤੀਆਂ ਜਾਂ ਜ਼ਿੰਮੇਵਾਰੀਆਂ ਇੱਕ ਬਰਾਬਰ ਹਨ। ਇਸ ਤੋਂ ਇਲਾਵਾ ਕੁੱਝ ਮੁੱਦੇ ਇਸ ਤਰ੍ਹਾਂ ਦੇ ਸਨ, ਜਿੱਥੇ ਗਵਰਨਰ ਜਨਰਲ ਨੂੰ ਆਪਣੇ ਮੰਤਰੀਆਂ ਦੀ ਸਲਾਹ ਲੈਣੀ ਜ਼ਰੂਰੀ ਹੋਵੇਗੀ। ਖ਼ਾਸ ਤੌਰ 'ਤੇ ਜਿਹੜੇ ਘੱਟ ਮਹੱਤਤਾ ਜਿਵੇਂ ਕਿ ਸਿਹਤ ਅਤੇ ਖੇਤੀਬਾੜੀ ਆਦਿ ਮਾਮਲਿਆਂ ਵਿੱਚ ਆਪਣੇ ਮੰਤਰੀ ਮੰਡਲ ਦੀ ਸਲਾਹ ਲੈ ਕੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ। ਇਸ ਤੋਂ ਇਲਾਵਾ ਗਵਰਨਰ ਜਨਰਲ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ:

- ਦੇਸ਼ ਵਿੱਚ ਸ਼ਾਂਤੀ ਅਤੇ ਏਕਤਾ ਬਣਾ ਕੇ ਰੱਖਣਾ।
- ਦੇਸ਼ ਦੀ ਆਰਥਿਕ ਤਰੱਕੀ ਲਈ ਯਤਨ ਕਰਨਾ।
- ਵਪਾਰ ਸੰਬੰਧੀ ਕਿਸੇ ਨਾਲ ਕੋਈ ਵੀ ਭੇਦਭਾਵ ਨਾ ਹੋ ਰਿਹਾ ਹੋਵੇ, ਇਸ ਦਾ ਖ਼ਿਆਲ ਰੱਖਣ ਦੀ ਵੀ ਜ਼ਿੰਮੇਵਾਰੀ ਗਵਰਨਰ ਜਨਰਲ ਦੀ ਹੋਵੇਗੀ।
- ਜੋ ਚੀਜ਼ਾਂ ਬਰਮਾ ਅਤੇ ਬ੍ਰਿਟੇਨ ਤੋਂ ਆਯਾਤ ਹੋ ਰਹੀਆਂ ਹਨ, ਉਨ੍ਹਾਂ 'ਤੇ ਕੋਈ ਵਾਧੂ ਕਰ ਨਾ ਲੱਗਾ ਹੋਵੇ।
- ਸਰਕਾਰੀ ਕਰਮਚਾਰੀਆਂ ਦੇ ਹੱਕਾਂ ਅਤੇ ਜ਼ਰੂਰਤਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਗਵਰਨਰ ਜਨਰਲ ਦੀ ਹੋਵੇਗੀ।

**ਸੰਘੀ ਸਰਕਾਰ -** ਇਸ ਐਕਟ ਵਿੱਚ ਤਿੰਨ ਤਰ੍ਹਾਂ ਦੀਆਂ ਰਿਆਸਤਾਂ ਨੂੰ ਦਰਜ ਕੀਤਾ ਗਿਆ - 1. ਸਿੱਧਾ ਅੰਗਰੇਜ਼ਾਂ ਦੇ ਅਧੀਨ ਰਾਜ, 2. ਛੋਟੀਆਂ ਰਿਆਸਤਾਂ, 3. ਚੀਫ਼ ਕਮਿਸ਼ਨਰ ਪ੍ਰਾਂਤ। ਇਨ੍ਹਾਂ ਨੂੰ ਮਿਲਾ ਕੇ ਕੇਂਦਰ ਸਰਕਾਰ ਬਣੇਗੀ। ਜੇਕਰ ਇਸ ਵਿੱਚ ਚਾਹੁਣ ਤਾਂ ਭਾਰਤ ਦੀਆਂ ਦੇਸੀ ਰਿਆਸਤਾਂ ਆਪਣੀ ਮਰਜ਼ੀ ਨਾਲ ਸ਼ਾਮਿਲ ਹੋ ਸਕਦੀਆਂ ਹਨ।

**ਕੇਂਦਰੀ ਵਿਧਾਨਪਾਲਿਕਾ ਦੀ ਵਿਵਸਥਾ -** ਇਸ ਵਿੱਚ ਦੋ ਤਰ੍ਹਾਂ ਦੇ ਸਦਨ ਹੋਣਗੇ:

1. ਕੌਂਸਿਲ ਆਫ਼ ਸਟੇਟ - ਇਸ ਦੇ ਕੁੱਲ ਮੈਂਬਰ 260 ਹੋਣਗੇ। ਇਨ੍ਹਾਂ 'ਚੋਂ 156 ਮੈਂਬਰ ਬ੍ਰਿਟਿਸ਼ ਇੰਡੀਆ ਲਈ ਅਤੇ 104 ਮੈਂਬਰ ਰਿਆਸਤਾਂ ਲਈ ਹੋਣਗੇ।
2. ਫ਼ੈਡਰਲ ਲੈਜਿਸਲੇਟਿਵ ਅਸੈਂਬਲੀ - ਇਹ ਹੇਠਲਾ ਸਦਨ ਹੋਵੇਗਾ ਅਤੇ ਇਹ ਅਸਥਾਈ ਹੋਵੇਗਾ। ਇਸ ਦਾ ਕਾਰਜਕਾਲ ਪੰਜ ਸਾਲ ਹੋਵੇਗਾ। ਇਸ ਦੇ 375 ਮੈਂਬਰ ਹੋਣਗੇ, ਜਿਨ੍ਹਾਂ 'ਚੋਂ 250 ਮੈਂਬਰ ਬ੍ਰਿਟਿਸ਼ ਇੰਡੀਆ ਲਈ ਅਤੇ 125 ਦੇਸੀ ਰਾਜਾਂ ਲਈ ਹੋਣਗੇ।

**ਸੰਘੀ ਅਦਾਲਤ ਦੀ ਵਿਵਸਥਾ -** ਭਾਰਤ ਸਰਕਾਰ ਐਕਟ 1935 ਈ. ਨੇ ਇੱਕ ਸੰਘੀ ਅਦਾਲਤ ਦੀ ਸਥਾਪਨਾ ਕੀਤੀ, ਜੋ

ਕਿ ਐਕਟ ਦੀ ਵਿਆਖਿਆ ਕਰੇਗੀ ਅਤੇ ਸੰਘੀ ਮਾਮਲਿਆਂ ਨਾਲ ਸੰਬੰਧਿਤ ਵਿਵਾਦਾਂ ਦਾ ਨਿਰਣਾ ਕਰੇਗੀ। ਕੇਂਦਰ ਅਤੇ ਮੈਂਬਰ ਇਕਾਈਆਂ ਵਿਚਕਾਰ ਟਕਰਾਅ ਨੂੰ ਸੁਲਝਾਉਣ ਲਈ ਸੰਘੀ ਅਦਾਲਤ ਨੂੰ ਵਿਸ਼ੇਸ਼ ਮੂਲ ਅਧਿਕਾਰ ਖੇਤਰ ਦਿੱਤਾ ਗਿਆ। ਸੰਘੀ ਅਦਾਲਤ ਵਿੱਚ ਅਪੀਲ ਕਰਨ ਲਈ ਹਾਈਕੋਰਟ ਤੋਂ ਸਰਟੀਫ਼ਿਕੇਟ ਲੈਣਾ ਜ਼ਰੂਰੀ ਹੋਵੇਗਾ।

**ਸੰਘੀ ਰੇਲਵੇ ਅਥਾਰਟੀ ਦੀ ਸਥਾਪਨਾ -** ਇਸ ਐਕਟ ਨੇ ਰੇਲਵੇ ਦਾ ਨਿਯੰਤਰਣ 'ਸੰਘੀ ਰੇਲਵੇ ਅਥਾਰਟੀ' ਵਜੋਂ ਜਾਣੀ ਜਾਂਦੀ, ਇੱਕ ਨਵੀਂ ਸੰਸਥਾ ਦੇ ਹੱਥ ਵਿੱਚ ਦਿੱਤਾ। ਇਸ ਸੰਸਥਾ ਦੇ ਮੈਂਬਰਾਂ ਦੀ ਗਿਣਤੀ ਸੱਤ ਸੀ, ਜੋ ਕਿ ਕੌਂਸਿਲ ਰਾਜ ਮੰਤਰੀਆਂ ਦੇ ਅਧਿਕਾਰ ਖੇਤਰ ਦੇ ਅਧੀਨ ਨਹੀਂ ਸਨ। ਗਵਰਨਰ ਜਨਰਲ ਨੇ ਅਥਾਰਟੀ ਤੋਂ ਸਿੱਧੀਆਂ ਰਿਪੋਰਟਾਂ ਪ੍ਰਾਪਤ ਕੀਤੀਆਂ। ਇਸ ਅਥਾਰਟੀ ਦੀ ਸਥਾਪਨਾ ਦਾ ਮੁੱਖ ਟੀਚਾ ਬ੍ਰਿਟਿਸ਼ ਹਿੱਸੇਦਾਰਾਂ ਨੂੰ ਭਰੋਸਾ ਦਿਵਾਉਣਾ ਸੀ ਕਿ ਰੇਲਵੇ ਵਿੱਚ ਉਨ੍ਹਾਂ ਦਾ ਨਿਵੇਸ਼ ਸੁਰੱਖਿਅਤ ਹੈ।

**ਪ੍ਰਾਂਤਕ ਸੁਤੰਤਰਤਾ -** 1935 ਈ. ਦੇ ਐਕਟ ਅਨੁਸਾਰ ਪ੍ਰਾਂਤਾਂ 'ਚੋਂ ਦੋਹਰੀ ਸ਼ਾਸਨ-ਪ੍ਰਣਾਲੀ ਖ਼ਤਮ ਕਰ ਦਿੱਤੀ ਗਈ। 1919 ਈ. ਦੇ ਐਕਟ ਦੁਆਰਾ ਪ੍ਰਾਂਤਾਂ ਵਿੱਚ ਇਸ ਨੂੰ ਲਾਗੂ ਕੀਤਾ ਗਿਆ ਸੀ। ਇਸ ਐਕਟ ਵਿੱਚ ਦੋਹਰੀ ਸ਼ਾਸਨ-ਪ੍ਰਣਾਲੀ ਨੂੰ ਪ੍ਰਾਂਤਾਂ 'ਚੋਂ ਖ਼ਤਮ ਕਰਕੇ ਕੇਂਦਰ ਵਿੱਚ ਲਾਗੂ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ 'ਤੇ ਪ੍ਰਾਂਤਾਂ ਨੂੰ ਸ਼ਕਤੀਆਂ ਦੇ ਦਿੱਤੀਆਂ ਗਈਆਂ। ਰਿਜ਼ਰਵਡ ਅਤੇ ਟ੍ਰਾਂਸਫ਼ਰਡ ਵਿਸ਼ਿਆਂ ਦਾ ਅੰਤ ਕਰ ਦਿੱਤਾ। ਹੁਣ ਪ੍ਰਾਂਤਾਂ ਦੇ ਸ਼ਾਸਨ ਦਾ ਪੂਰਨ ਰੂਪ ਵਿੱਚ ਜ਼ਿੰਮੇਵਾਰ ਗਵਰਨਰ ਜਨਰਲ ਅਤੇ ਉਸ ਦਾ ਮੰਤਰੀ ਮੰਡਲ ਹੋਵੇਗਾ।

**ਵਿਸ਼ਿਆਂ ਦੀ ਵੰਡ -** ਕੇਂਦਰੀ ਅਤੇ ਪ੍ਰਾਂਤਕ ਸਰਕਾਰਾਂ ਵਿੱਚ ਵਿਸ਼ਿਆਂ ਦੀ ਵੰਡ ਨਿਸ਼ਚਿਤ ਰੂਪ ਨਾਲ ਕਰ ਦਿੱਤੀ ਗਈ। ਜਿਨ੍ਹਾਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ - 1. ਕੇਂਦਰੀ ਸੂਚੀ, 2. ਪ੍ਰਾਂਤਕ ਸੂਚੀ, 3. ਸਾਂਝੀ ਸੂਚੀ। ਕੇਂਦਰੀ ਸੂਚੀ ਵਿੱਚ ਸਿਰਫ਼ ਕੇਂਦਰ ਅਤੇ ਗਵਰਨਰ ਜਨਰਲ ਹੀ ਕਾਨੂੰਨ ਬਣਾ ਸਕਦਾ ਹੈ। ਪ੍ਰਾਂਤਕ ਸੂਚੀ ਵਿੱਚ ਪ੍ਰਾਂਤ ਦਾ ਗਵਰਨਰ ਕਾਨੂੰਨ ਬਣਾ ਸਕਦਾ ਹੈ। ਸਾਂਝੀ ਸੂਚੀ ਵਿੱਚ ਗਵਰਨਰ ਜਨਰਲ ਅਤੇ ਪ੍ਰਾਂਤਾਂ ਦੇ ਗਵਰਨਰ ਕਾਨੂੰਨ ਬਣਾ ਸਕਦੇ ਹਨ।

**ਘੱਟ ਗਿਣਤੀਆਂ ਸੰਬੰਧੀ ਫ਼ੈਸਲੇ -** ਇਸ ਐਕਟ ਦੇ ਅਧੀਨ ਗਵਰਨਰ ਜਨਰਲ ਨੂੰ ਇਹ ਸ਼ਕਤੀ ਦਿੱਤੀ ਗਈ ਕਿ ਉਹ ਘੱਟ ਗਿਣਤੀਆਂ ਦੇ ਲੋਕਾਂ ਅਤੇ ਦੱਬੇ-ਕੁੱਚਲੇ ਲੋਕਾਂ ਦੇ ਸੰਬੰਧੀ ਫ਼ੈਸਲੇ ਕਰੇ ਅਤੇ ਇਹ ਸੁਨਿਸ਼ਚਿਤ ਕਰੇ ਕਿ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦ-ਭਾਵ ਨਾ ਕੀਤਾ ਜਾਵੇ। ਉਨ੍ਹਾਂ ਦੇ ਹੱਕਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਵੀ ਗਵਰਨਰ ਜਨਰਲ ਦੀ ਹੋਵੇਗੀ।

**ਭਾਰਤੀ ਕੌਂਸਿਲ ਦਾ ਖ਼ਾਤਮਾ -** ਇਸ ਐਕਟ ਵਿੱਚ ਇਹ ਵੀ ਮਹੱਤਵਪੂਰਨ ਧਾਰਾ ਸ਼ਾਮਿਲ ਕੀਤੀ ਗਈ ਕਿ ਸੈਕਰੇਟਰੀ ਆਫ਼ ਸਟੇਟ ਦੀ ਭਾਰਤੀ ਕੌਂਸਿਲ ਨੂੰ ਸਮਾਪਤ ਕਰ ਦਿੱਤਾ ਜਾਵੇ ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਉਹ ਤਿੰਨ ਤੋਂ ਛੇ ਅਜਿਹੇ ਮੈਂਬਰਾਂ ਦੀ ਨਿਯੁਕਤੀ ਕਰਨ ਜੋ ਕਿ ਉਨ੍ਹਾਂ ਨੂੰ ਭਾਰਤੀ ਮਾਮਲਿਆਂ ਵਿੱਚ ਸਲਾਹ ਦੇ ਸਕਣ। ਉਨ੍ਹਾਂ ਮੈਂਬਰਾਂ ਕੋਲ ਭਾਰਤ ਵਿੱਚ ਕੰਮ ਕਰਨ ਦਾ ਤਜ਼ਰਬਾ ਘੱਟੋ-ਘੱਟ ਦਸ ਸਾਲ ਦਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਕਾਰਜਕਾਲ ਦੀ ਮਿਆਦ ਪੰਜ ਸਾਲ ਹੋਵੇਗੀ।

## 1935 ਈ. ਦੇ ਐਕਟ ਦੀਆਂ ਤਰੁੱਟੀਆਂ

1935 ਈ. ਦੇ ਐਕਟ ਤੋਂ ਭਾਰਤ ਦੇ ਸਾਰੇ ਰਾਸ਼ਟਰਵਾਦੀ ਨੇਤਾਵਾਂ ਨੂੰ ਬਹੁਤ ਉਮੀਦਾਂ ਸਨ ਪਰ ਇਸ ਐਕਟ ਦੇ ਲਾਗੂ ਹੁੰਦੇ ਹੀ ਉਨ੍ਹਾਂ ਵਿੱਚ ਬਹੁਤ ਗੁੱਸਾ ਭਰ ਗਿਆ ਕਿਉਂਕਿ ਇਹ ਐਕਟ ਉਨ੍ਹਾਂ ਦੀਆਂ ਉਮੀਦਾਂ ਨਾਲੋਂ ਬਿਲਕੁਲ ਉਲਟ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਐਕਟ ਬਾਰੇ ਇਹ ਕਿਹਾ, "ਇਸ ਐਕਟ ਨੇ ਸਾਨੂੰ ਇੱਕ ਮਜ਼ਬੂਤ ਬਰੇਕਾਂ ਵਾਲੀ ਮਸ਼ੀਨ ਦਿੱਤੀ, ਜਿਸ ਦਾ ਇੰਜਨ ਨਹੀਂ ਸੀ।" ਪੰਡਿਤ ਮਦਨ ਮੋਹਨ ਮਾਲਵੀਆ ਨੇ ਇਸ ਨੂੰ "ਬਾਹਰੋਂ ਲੋਕਤੰਤਰੀ ਅਤੇ ਅੰਦਰੋਂ ਖੋਖਲਾ" ਕਿਹਾ। ਇਸ ਐਕਟ ਵਿੱਚ ਅਨੇਕਾਂ ਤਰ੍ਹਾਂ ਦੀਆਂ ਤਰੁੱਟੀਆਂ ਸਨ ਜੋ ਕਿ ਹੇਠ ਲਿਖੇ ਅਨੁਸਾਰ ਹਨ:

- ਇਸ ਐਕਟ ਦੇ ਅਧੀਨ ਗਵਰਨਰ ਜਨਰਲ ਅਤੇ ਉਸ ਦੇ ਮੰਤਰੀ ਮੰਡਲ ਨੂੰ ਬਹੁਤ ਸਾਰੀਆਂ ਸ਼ਕਤੀਆਂ ਦਿੱਤੀਆਂ ਗਈਆਂ ਪਰ ਗਵਰਨਰ ਜਨਰਲ ਉਨ੍ਹਾਂ ਤੋਂ ਸਲਾਹ ਤਾਂ ਲੈਂਦਾ ਪਰ ਫ਼ੈਸਲੇ ਸਿਰਫ਼ ਉਸ ਦੇ ਹੀ ਹੁੰਦੇ ਸਨ। ਇਸ ਤਰ੍ਹਾਂ ਗਵਰਨਰ ਜਨਰਲ ਇਨ੍ਹਾਂ ਸ਼ਕਤੀਆਂ ਦੀ ਗ਼ਲਤ ਵਰਤੋਂ ਕਰ ਰਿਹਾ ਸੀ।

**International Journal of Research in Social Sciences**
Vol. 8 Issue 4, April 2018,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

- ਇਸ ਐਕਟ ਵਿੱਚ ਪ੍ਰਾਂਤਾਂ ਨੂੰ ਸਵੈ-ਸ਼ਾਸਨ ਦੀ ਸ਼ਕਤੀ ਮਿਲ ਗਈ। ਇਸ ਐਕਟ ਤੋਂ ਪਹਿਲਾਂ ਪ੍ਰਾਂਤਾਂ ਵਿੱਚ ਗਵਰਨਰ ਜਨਰਲ ਦੀ ਦਖ਼ਲ-ਅੰਦਾਜ਼ੀ ਬਹੁਤ ਜ਼ਿਆਦਾ ਸੀ, ਜੋ ਕਿ ਇਸ ਐਕਟ ਦੇ ਲਾਗੂ ਹੋਣ ਨਾਲ ਕਾਫ਼ੀ ਹੱਦ ਤੱਕ ਘੱਟ ਗਈ।
- ਇਸ ਐਕਟ ਵਿੱਚ ਸੰਪਰਦਾਇਕ ਚੋਣ-ਪ੍ਰਣਾਲੀ ਦਾ ਵਿਸਥਾਰ ਕਰ ਦਿੱਤਾ ਗਿਆ ਪਰੰਤੂ ਮੁਸਲਮਾਨਾਂ ਦੀਆਂ ਸੀਟਾਂ ਲੈਜਿਸਲੇਟਿਵ ਵਿੱਚ ਰਿਜ਼ਰਵ ਕਰ ਦਿੱਤੀਆਂ ਗਈਆਂ।
- ਇਸ ਐਕਟ ਵਿੱਚ ਵੀ ਆਮ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਦਿੱਤਾ ਗਿਆ। ਵੋਟ ਪਾਉਣ ਦਾ ਅਧਿਕਾਰ ਪਹਿਲਾਂ ਨਾਲੋਂ 10 ਪ੍ਰਤੀਸ਼ਤ ਵਧਾ ਦਿੱਤਾ ਗਿਆ ਪਰ ਉਸ ਲਈ ਵੀ ਸੰਪਤੀ, ਜਾਇਦਾਦ ਆਦਿ ਦੀਆਂ ਸ਼ਰਤਾਂ ਕਾਇਮ ਰੱਖੀਆਂ ਗਈਆਂ ਸਨ।
- ਇਸ ਐਕਟ ਦੁਆਰਾ ਕੇਂਦਰ ਵਿੱਚ ਲਾਗੂ ਕੀਤੀ ਦੋਹਰੀ ਸ਼ਾਸਨ-ਪ੍ਰਣਾਲੀ ਬਹੁਤ ਦੋਸ਼-ਪੂਰਨ ਸਾਬਿਤ ਹੋਈ। ਭਾਰਤੀ ਮੰਤਰੀਆਂ ਨੂੰ ਸਿਹਤ, ਖੇਤੀਬਾੜੀ, ਪਬਲਿਕ ਆਦਿ ਨਾਲ ਸੰਬੰਧਿਤ ਵਿਭਾਗ ਦਿੱਤੇ ਗਏ। ਜਿੰਨੇ ਵੀ ਮਹੱਤਵਪੂਰਨ ਵਿਭਾਗ ਸਨ, ਇਹ ਜਾਂ ਤਾਂ ਗਵਰਨਰ ਜਨਰਲ ਕੋਲ ਸਨ ਜਾਂ ਇੰਗਲੈਂਡ ਦੇ ਮੰਤਰੀਆਂ ਕੋਲ ਸਨ।
- 1935 ਈ. ਦੇ ਐਕਟ ਵਿੱਚ ਇਹ ਘੋਸ਼ਣਾ ਕੀਤੀ ਗਈ ਕਿ ਸਾਰੇ ਪ੍ਰਾਂਤਾਂ ਨੂੰ ਜੋੜ ਕੇ ਇੱਕ ਸੰਘੀ ਸਰਕਾਰ ਬਣਾਈ ਜਾਵੇਗੀ ਪਰ ਇਸ ਵਿੱਚ ਸਿਰਫ਼ ਉਨ੍ਹਾਂ ਪ੍ਰਾਤਾਂ ਨੂੰ ਹੀ ਸ਼ਾਮਿਲ ਕੀਤਾ ਜਾਵੇਗਾ, ਜਿਹੜੇ ਸਿੱਧੇ ਅੰਗਰੇਜ਼ਾਂ ਦੇ ਅਧੀਨ ਸਨ ਜਾਂ ਫਿਰ ਚੀਫ਼ ਕਮਿਸ਼ਨਰ ਦੇ ਅਧੀਨ ਸਨ।
- 1935 ਈ. ਦੇ ਐਕਟ ਵਿੱਚ ਕਿਤੇ ਵੀ ਭਾਰਤੀ ਜਾਂ ਸਵਦੇਸ਼ੀ ਸਰਕਾਰ ਦਾ ਜ਼ਿਕਰ ਨਹੀਂ ਕੀਤਾ ਗਿਆ। ਇਸ ਐਕਟ ਵਿੱਚ ਸਿਰਫ਼ ਭਾਰਤੀ ਮੰਤਰੀਆਂ ਦੀ ਗਿਣਤੀ ਵਿੱਚ ਵਾਧਾ ਕਰ ਦਿੱਤਾ ਗਿਆ। ਭਾਰਤੀ ਮੰਤਰੀ ਸਿਰਫ਼ ਸਲਾਹ ਦੇ ਸਕਦੇ ਸਨ ਜਦਕਿ ਉਨ੍ਹਾਂ ਕੋਲ ਹੋਰ ਕੋਈ ਵੀ ਸ਼ਕਤੀ ਨਹੀਂ ਸੀ, ਜਿਸ ਕਰਕੇ ਭਾਰਤੀ ਨੇਤਾਵਾਂ ਵਿੱਚ ਬਹੁਤ ਗੁੱਸਾ ਸੀ।
- 1947 ਈ. ਤੱਕ ਬ੍ਰਿਟਿਸ਼ ਪਾਰਲੀਮੈਂਟ ਅਤੇ ਭਾਰਤ ਦੇ ਰਾਜ ਸਕੱਤਰ ਦੇਸ਼ ਦੇ ਅਸਲ ਸ਼ਾਸਕ ਸਨ। ਨਤੀਜੇ ਵਜੋਂ ਇਹ ਅਚਾਨਕ ਨਹੀਂ ਸੀ ਕਿ ਬ੍ਰਿਟਿਸ਼ ਸਰਕਾਰ ਦੁਆਰਾ 1935 ਈ. ਦੇ ਐਕਟ ਨੂੰ ਨਫ਼ਰਤ ਅਤੇ ਨਾਰਾਜ਼ਗੀ ਨਾਲ ਪੂਰਾ ਕੀਤਾ ਗਿਆ।

**ਸਿੱਟਾ -** ਭਾਰਤ ਸਰਕਾਰ ਐਕਟ 1935 ਈ. ਵਿੱਚ ਸੂਬਿਆਂ ਨੂੰ ਖ਼ੁਦਮੁਖ਼ਤਿਆਰੀ ਦਾ ਦਰਜਾ ਦੇਣ ਦਾ ਪਹਿਲਾ ਯਤਨ ਕੀਤਾ ਗਿਆ ਸੀ। ਇਸ ਐਕਟ ਵਿੱਚ ਔਰਤਾਂ ਲਈ ਵੱਖਰੇ ਚੋਣਕਾਰ ਫ਼ੈਸਲੇ ਲੈਣ ਦੀ ਪ੍ਰਕਿਰਿਆ ਨੂੰ ਲਾਗੂ ਕੀਤਾ ਗਿਆ ਅਤੇ ਇਹ ਐਕਟ ਔਰਤਾਂ ਦੀ ਤਰੱਕੀ ਲਈ ਲਾਭਦਾਇਕ ਸੀ। ਇਸ ਐਕਟ ਨੇ ਇੱਕ ਸੰਘੀ ਸਰਕਾਰ ਦੀ ਸਥਾਪਨਾ ਦਾ ਸੁਝਾਅ ਵੀ ਦਿੱਤਾ ਜੋ ਕਿ ਭਾਰਤੀ ਰਾਜਿਆਂ ਨੂੰ ਭਾਰਤ ਦੀਆਂ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੀ ਆਗਿਆ ਦੇਵੇਗੀ। ਇਸ ਨਵੇਂ ਐਕਟ ਨੇ ਰਾਜਪਾਲਾਂ ਅਤੇ ਗਵਰਨਰ ਜਨਰਲ ਨੂੰ ਬਹੁਤ ਜ਼ਿਆਦਾ ਅਖ਼ਤਿਆਰੀ ਸ਼ਕਤੀਆਂ ਨਾਲ ਲੈੱਸ ਕਰ ਦਿੱਤਾ। 1935 ਈ. ਦਾ ਐਕਟ ਇੱਕ ਸਹੀ ਸੰਘੀ ਢਾਂਚਾ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ ਕਿਉਂਕਿ ਜ਼ਿਆਦਾਤਰ ਸ਼ਕਤੀ ਗਵਰਨਰ ਜਨਰਲ ਕੋਲ ਸੀ। ਇਸ ਤਰ੍ਹਾਂ ਨਾਲ ਇਹ ਐਕਟ ਭਾਰਤੀ ਲੋਕਾਂ ਨੂੰ ਖ਼ੁਸ਼ ਕਰਨ ਵਿੱਚ ਅਸਫ਼ਲ ਰਿਹਾ।

**ਹਵਾਲੇ ਨੋਟ -**

- R. Coupland, *The Constitutional Problem in India*, p. 132.
- A.B. Rudra, *The Viceroy and Governor-General of India*.
- S.M. Bose, *The Working Constitution in India: A Commentary on the Government of India Act, 1935*.
- B. Pattabhi Sitaramayya (With an Introduction by Rajendra Prasad), *The History of the Indian National Congress, 1885-1935*.
- S.M. Chaturvedi, *The Constitutional History of India*, Thoroughly Revised and Enlarged.
- Dr. Durga Das Basu, *Introduction to the Constitution of India*, Sixth Edition.
- Anil Chandra Banerjee, *The Constitutional History of India*, Volume III: 1919-1977.